# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times | 17 ਨਵੰਬਰ 2026 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## “ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਅੰਤਰਰਾਸ਼ਟਰੀ ਕਾਵਿ ਮਿਲਣੀ “ਦੀ ਛੇਵੀਂ ਵਰ੍ਹੇਗੰਢ ਯਾਦਗਾਰੀ ਪੈੜਾਂ ਛੱਡਦੀ ਸਮਾਪਤ ਹੋਈ “

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਵਾਲੀਆ




ਬਰੈਂਪਟਨ 17ਨਵੰ ਬਰ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਛਾਉਂਡਰ, ਪ੍ਰਧਾਨ ਅਤੇ ਪ੍ਰਬੰਧਕ ਰਮਿੰਦਰ ਰੰਮੀ ਅਤੇ ਪ੍ਰਬੰਧਕੀ ਟੀਮ ਮੈਂਬਰਜ਼ ਵੱਲੋਂ ਆਨਲਾਈਨ ਮਹੀਨਾਵਾਰ “ ਅੰਤਰਰਾਸ਼ਟਰੀ ਕਾਵਿ ਮਿਲਣੀ “ 15 ਨਵੰਬਰ ਦਿਨ ਐਤਵਾਰ ਨੂੰ 10 ਵਜੇ ਸਵੇਰੇ ਕੈਨੇਡਾ ਅਤੇ ਭਾਰਤ 8/30 ਵਜੇ ਸ਼ਾਮ ਨੂੰ ਦਾ ਆਯੋਜਨ ਕੀਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵਾਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕਾਵਿ ਮਿਲਣੀ ਦੀ ਇਹ ਛੇਵੀਂ ਵਰ੍ਹੇਗੰਢ ਹੈ। ਹੁਣ ਤੱਕ 1000 ਦੇ ਕਰੀਬ ਨਾਮਵਰ ਸ਼ਖ਼ਸੀਅਤਾਂ ਦੇਸ਼ ਵਿਦੇਸ਼ ਤੋਂ ਇਸ ਕਾਵਿ ਮਿਲਣੀ ਵਿੱਚ ਸ਼ਿਰਕਤ ਕਰ ਕਰ ਚੁੱਕੀਆਂ ਹਨ। ਰਿੰਟੂ ਭਾਟੀਆ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਆਰਤੀ ਦੇ ਗਾਇਨ ਨਾਲ ਇਸ ਪ੍ਰੋਗਰਾਮ ਦਾ ਆਗਾਜ਼ ਕੀਤਾ । ਐਡਵਾਈਜ਼ਰ ਡਾ. ਪ੍ਰਸ਼ਵਿੰਦਰ ਕੌਰ ਨੇ ਪ੍ਰਬੰਧਕੀ ਟੀਮ ਬਾਰੇ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਵਿੱਚ ਸ਼ਾਮਲ , ਸਾਰੀਆ ਹੀ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ।ਸਰਪ੍ਰਸਤ ਸੁਰਜੀਤ ਜੀ ਨੇ ਸਾਰੀਆ ਸ਼ਾਮਿਲ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਹਿੰਦਿਆਂ , ਮੰਚ ਦੀਆਂ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਹੈਕਿ ਛੇ ਸਾਲ ਤੋਂ ਮੰਚ ਲਗਾਤਾਰ ਸਰਗਰਮ ਹੈ । ਫਿਰ ਡਾ. ਬਲਜੀਤ ਕੌਰ ਰਿਆੜ ਜੀ ਕਿ ਮੰਚ ਦੇ ਕਨਵੀਨਰ ਨੇ ਛੇਵੀਂ ਵਰ੍ਹੇਗੰਢ ਤੇ ਵਧਾਈ ਦਿੱਤੀ ਤੇ ਸਾਰਿਆਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਹਨਾਂ ਨੇ ਪ੍ਰੋਗਰਾਮ ਸ਼ੁਰੂ ਕਰਦਿਆਂ ਸਭਤੋਂ ਪਹਿਲਾਂ ਵਿਸ਼ੇਸ਼ ਮਹਿਮਾਨਾਂ ਵਿੱਚੋਂ ਸੁਰਿੰਦਰਪਰੀਤ ਘਣੀਆਂ ਜੀ ਨੂੰ ਕਵਿਤਾ ਪੇਸ਼ ਕਰਨ ਦਾ ਸੱਦਾ ਦਿੱਤਾ । ਉਹਨਾਂ ਕਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਸ਼ਾਇਰ ਕਹਾਉਣਾ ਪਸੰਦ ਕਰਦੇ ਸਨ । ਅਮਰਜੀਤ ਸਿੰਘ ਜੀ ਨੇ “ ਅੱਜ ਲਿਖੀ ਜਾਂ ਕੱਲ ਲਿਖੀ , ਮਸਲੇ ਦਾ ਹੱਲ ਲਿਖੀ” ਖੂਬਸੂਰਤ ਗਜ਼ਲ ਸੁਣਾਈ। ਆਸ਼ੂ ਕੁਮਰਾ ਜੀ ਨੇ ,”ਅਹਿਫ਼ਲ ਦੇ ਵਿੱਚ ਕੀ ਕੀ ਗੱਲ ਸੁਣਾਵਾਂ ਮੈਂ” ਸ਼ੇਅਰ ਕਹਿ ਤੇ “ ਤੂੰ ਹੀ ਤੂੰ” ਖੂਬਸੂਰਤ ਨਜ਼ਮ ਸੁਣਾਈ ।ਤਰਿੰਦਰ ਕੌਰ ਨੇ ਨਜ਼ਮ “ ਕਵਿਤਾ” ਸੁਣਾ ਕੇ ਆਪਣੀ ਹਾਜ਼ਰੀ ਲਵਾਈ । ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਵਿਦਿਆਰਥੀ ਜਤਨਦੀਪ ਸਿੰਘ ਨੇ ਆਪਣੀ ਗ਼ਜ਼ਲ ,” ਕਿੰਨੇ ਰੋਗ ਨੇ ਸਹਿਣੇ ਬਾਕੀ ਰਹਿ ਗਏ” ਸੁਣਾ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ ।ਮਨਜੀਤ ਸਿੰਘ ਚਾਤ੍ਰਿਕ ਜੀ ਨੇ ਅਨੁਪ੍ਰਾਸ ਅਲੰਕਾਰ ਨਾਲ ਸ਼ਿੰਗਾਰੀ ਕਵਿਤਾ “ ਬਸੰਤ ਰਾਗ” ਤੇ ,” ਕੁਝ ਤਾ ਕਰ ਲੈ , ਕੁਝ ਤਾਂ ਹੋਜਾ” ਰਚਨਾਵਾਂ ਸੁਣਾ ਕੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ । ਉਹਨਾਂ ਦੀ ਵਿਲੱਖਣ ਅੰਦਾਜ਼ ਦੀ ਕਵਿਤਾ ਸਰੋਤਿਆਂ ਨੂੰ ਕੀਲ ਲੈਂਦੀ ਹੈ। ਕੈਨੇਡਾ ਤੋਂ ਹਰਦਿਆਲ ਸਿੰਘ ਝੀਤਾ ਜੀ ਨੇ ,” ਅਸੀਂ ਤੇ ਨਾਨਕ ਇੱਕ ਦੂਜੇ ਤੋ ਲੱਖਾ ਕੋਹਾਂ ਦੂਰ ਖੜੇ ਹਾਂ” ਸ਼ੇਅਰ ਕਹਿਕੇ ਖੂਬਸੂਰਤ ਨਜ਼ਮ ਸੁਣਾਈ ਜੋ ਵਕਤ ਦੀ ਨਜ਼ਾਕਤ ਅਨੁਸਾਰ ਸੱਚ ਤੇ ਪਹਿਰਾ ਦੇਣ ਦੀ ਸੋਚ ਦ੍ਰਿੜ੍ਹ ਕਰਵਾਉਦੀ ਸੀ। ਸਕੱਤਰ ਪ੍ਰੇ ਪਵਨ ਖਿੱਚੀ ਨੇ ਆਪਣੀ ਖੂਬਸੂਰਤ ਰਚਨਾ ,” ਨਾਨਕ ਨਾਮ” ਸੁਣਾਈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਨੂੰ ਪੇਸ਼ ਕਰਦੀ ਸੀ । ਬੇਅੰਤ ਕੌਰ ਗੁਰਾਇਆ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਆਪਣੀ ਰਚਨਾ ,”ਵਿਚ ਨਨਕਾਣੇ ਚੰਨ ਚੜ੍ਹਿਆ” ਸੁਣਾਈ । ਦੀਪ ਕੁਲਦੀਪ ਜੀ ਨੇ ਆਪਣੀ ਗ਼ਜ਼ਲ ,” ਜੇ ਜਿਗਰਾ ਪਰਖਣਾ ਤਾ ਸੁਕਦੀ ਤਲਵਾਰ ਤੱਕ ਆਇਓ” ਸੁਣਾ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ। ਗੁਰਦਾਸ ਸਿੰਘ ਥਥਾਲ ਨੇ “ਬੁੱਲ੍ਹਾਂ ਦੇ ਦਰਵਾਜ਼ੇ ਬੰਦ ਨੇ” ਸੁਣਾ ਕੇ ਹਾਜ਼ਰੀ ਲਵਾਈ । ਬਾਜਵਾ ਸਿੰਘ ਨੇ ਤਰੰਨਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਖੂਬਸੂਰਤ ਕਵਿਤਾ ਸੁਣਾਈ। ਮੁੱਖ ਮਹਿਮਾਨ ਸ੍ਰੀ ਸਹਿਜਪ੍ਰੀਤ ਮਾਂਗਟ ਜੀ ਨੇ ,” ਬਾਬਲ ਨਾਲ ਜੇ ਬੈਠੀ ਹੋਵੇ ਧੀ ਤੇ ਕੁਦਰਤ ਇੱਕੋ ਜਿਹੇ ਨੇ” ਬਾਬਲ ਤੇ ਧੀ ਦੇ ਖੂਬਸੂਰਤ ਰਿਸ਼ਤੇ ਨੂੰ ਪ੍ਰਗਟਾਉਂਦੀ ਰਚਨਾ ਸੁਣਾ ਕੇ ਸਾਰਿਆਂ ਨੂੰ ਕੀਲ ਲਿਆ। ਸਰੋਤੇ ਵਜੋਂ ਪ੍ਰੋਗਰਾਮ ਵਿੱਚ ਸ਼ਾਮਿਲ ਅਵਤਾਰ ਸਿੰਘ ਜੀ ਨੇ ਆਪਣੀ ਖੂਬਸੂਰਤ ਗ਼ਜ਼ਲ ਤਰੰਨਮ ਵਿੱਚ ,” ਸੂਲ਼ੀ ਚੜ੍ਹ ਕੇ ਗਾਉਂਦਾ ਇੱਕ ਪਰਵਾਨਾ ਹੈ”। ਸਰੋਤੇ ਵਜੋਂ ਪਰੋਗਰਾਮ ਵਿੱਚ ਹਾਜ਼ਰ ਮੋਹਨਜਾ ਲਾਲ ਜੀ ਨੇ ਵੀ ਆਪਣੀ ਨਜ਼ਮ ਸੁਣਾ ਕੇ ਹਾਜ਼ਰੀ ਲਵਾਈ। ਡਾ. ਬਲਜੀਤ ਕੌਰ ਰਿਆੜ ਜੋ ਕਿ ਮੰਚ ਦੇ ਕਨਵੀਨਰ ਨੇ ਛੇਵੀਂ ਵਰ੍ਹੇਗੰਢ ਤੇ ਵਧਾਈ ਦਿੱਤੀ ਤੇ ਸਾਰਿਆਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਸੁਰਜੀਤ ਜੀ ਨੇ ਆਪਣੀ ਕਵਿਤਾ,” ਡਿਜੀਟਲ ਯੁੱਗ” ਸੁਣਾਈ ਜੋ ਨਵੀਂ ਤੇ ਪੁਰਾਣੀ ਪੀੜ੍ਹੀ ਦੀ ਲਿਖਣ ਕਲਾ ਦੀ ਤੁਲਨਾ ਕਰਦਿਆਂ ਪੁਰਾਣੀ ਪੀੜ੍ਹੀ ਦਾ ਸੰਘਰਸ਼ ਤੇ ਧਰੋਹਰ ਤਕਨਾਲੋਜੀ ਨਾਲ ਸਾਂਭਣ ਦਾ ਸੁਨੇਹਾ ਦਿੱਤਾ॥ ਰਮਿੰਦਰ ਵਾਲੀਆ ਜੀ ਨੇ ਆਪਣੀ ਰਚਨਾ ,” ਤੇਰਾ ਸਰੂਰ” ਸੁਣਾਈ ।

ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਜੀ ਨੇ ਸਾਰੇ ਸ਼ਾਇਰਾਂ ਦਾ ਧੰਨਵਾਦ ਕਰਦਿਆਂ ਬਹੁਤ ਹਾਂ ਵਿਸ਼ਲੇਸ਼ਣਾਤਮਕ ਅੰਦਾਜ਼ ਵਿਚ ਸਮੁੱਚੀ ਪੇਸ਼ਕਾਰੀ ਦਾ ਸੰਖੇਪ ਸਾਰ ਕੀਤਾ ਤੇ ਭਾਗ ਲੈਣ ਵਾਲੀਆ ਸਾਰੀਆ ਸ਼ਖਸੀਅਤਾਂ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਤੇ ਪ੍ਰੋਗਰਾਮ ਦੀ ਲਗਾਤਾਰਤਾ ਲਈ ਪ੍ਰੋਗਰਾਮ ਦੀ ਆਯੋਜਿਕਾ ਰਮਿੰਦਰ ਰੰਮੀ ਜੀ ਦੀ ਸ਼ਲਾਘਾ ਕੀਤੀ । । ਪ੍ਰੋਗਰਾਮ ਦੇ ਸੁਚੱਜੇ ਸੰਚਾਲਨ ਲਈ ਸੁਰਜੀਤ ਜੀ ਦਾ ਸ਼ੁਕਰਾਨਾ ਕੀਤਾ ।ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਆਪਣੀ ਰਚਨਾ “ ਤੇਰੇ ਆਉਣ ਤੱਕ ਦਾਤਾ ਬੜਾ ਹਨੇਰਾ ਸੀ” ਗੁਰੂ ਨਾਨਕ ਜੀ ਦੇ ਆਗਮਨ ਸਮੇਂ ਦੇ ਸਮਾਜਿਕ ਧਾਰਮਿਕ ਤੇ ਰਾਜਨੀਤਕ ਹਾਲਾਤਾਂ ਨੂੰ ਖੂਬਸੂਰਤ ਸ਼ਬਦਾਂ ਵਿਚ ਪੇਸ਼ ਕੀਤਾ । ਮੁੱਖ ਮਹਿਮਾਨ ਸਹਿਜਪ੍ਰੀਤ ਮਾਂਗਟ ਜੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਮੰਚ ਦੀ ਸਮੁੱਚੀ ਟੀਮ ਦਾ ਫਿਰ ਤਹਿ ਦਿਲ ਤੋਂ ਸ਼ੁਕਰਾਨਾ ਕੀਤਾ ।ਡਾ . ਨਵਰੂਪ ਕੌਰ , ਪਰਮਜੀਤ ਦਿਓਲ , ਅੰਮ੍ਰਿਤਾ ਦਰਸ਼ਨ , ਪਰਮਜੀਤ ਢਿੱਲੋਂ , ਡਾ . ਸਤਿੰਦਰ ਕੌਰ ਕਾਹਲੋਂ , ਮਨਜੀਤ ਕੌਰ ਤੇ ਹੋਰ ਬਹੁਤ ਅਦਬੀ ਸ਼ਖ਼ਸੀਅਤਾਂ ਨੇ ਦੇਸ਼ ਵਿਦੇਸ਼ ਤੋਂ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਚੈਟ ਬਾਕਸ ਵਿੱਚ ਤੇ ਲਾਈਵ ਪ੍ਰੋਗਰਾਮ ਦੇਖ ਰਹੇ ਦੇਸਤਾਂ ਨੇ ਕਮੈਂਟਸ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਤੇ ਪ੍ਰੋਗਰਾਮ ਦੀ ਸਰਾਹਨਾ ਵੀ ਕੀਤੀ । ਇਹ ਰਿਪੋਰਟ ਡਾ. ਪ੍ਰਸ਼ਵਿੰਦਰ ਕੌਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ। ਇਸ ਤਰਾਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਅੰਤਰਰਾਸ਼ਟਰੀ ਕਾਵਿ ਮਿਲਣੀ “ਦੀ ਛੇਵੀਂ ਵਰ੍ਹੇਗੰਢ ਯਾਦਗਾਰੀ ਪੈੜਾਂ ਛੱਡਦੀ ਸਮਾਪਤ ਹੋਈ। “

## ਸਵਰਗੀ ਕਵੀ ਸੋਹਨਦੀਪ ਖਿੰਦ ਕੋਲ ਧਰਤੀ ਦੀ ਜ਼ਬਾਨ ਤੇ ਲੋਕ – ਪੱਖੀ ਕਾਵਿ ਅੰਦਾਜ਼ ਸੀ- ਪ੍ਰੋ. ਗੁਰਭਜਨ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 17 ਨਵੰਬਰ : ਜ਼ਿਲ੍ਹਾ ਫੀਰੋਜ਼ਪੁਰ ਦੇ ਪਿੰਡ ਗਾਮੂੰਵਾਲਾ ਦੇ ਜੰਮਪਲ ਤੇ ਤੇਰਾਂ ਸਾਲ ਪਹਿਲਾ ਵਿੱਛੜੇ ਪੰਜਾਬੀ ਕਵੀ ਸੋਹਨਦੀਪ ਖਿੰਦ ਦੀ ਮਰਨ ਉਪਰੰਤ ਛਪੀ ਇਕਲੌਤੀ ਕਾਵਿ ਪੁਸਤਕ “ਮੁਖ਼ਾਤਿਬ ਹਾਂ ਮੈਂ” ਬਾਰੇ ਬੋਲਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਸੋਹਨਦੀਪ ਖਿੰਦ ਕੋਲ ਧਰਤੀ ਦੀ ਜ਼ਬਾਨ ਤੇ ਲੋਕਿਕ ਅੰਦਾਜ਼ ਸੀ। ਇਹ ਕਿਤਾਬ ਸੋਹਨਦੀਪ ਦੀ ਭਾਵੇਂ ਆਖਰੀ ਨਿਸ਼ਾਨੀ ਹੈ ਪਰ ਥੋੜ੍ਹੀਆਂ ਕਵਿਤਾਵਾਂ ਹੀ ਵਡੇਰੇ ਮੁੱਲਵਾਨ ਅਰਥਾਂ ਵਾਲੀਆਂ ਹਨ। ਮੇਰੀ ਸੋਹਨਦੀਪ ਨਾਲ ਪਹਿਲੀ ਤੇ ਆਖਰੀ ਮੁਲਾਕਾਤ 2012 ਵਿੱਚ ਡੀ ਏ ਵੀ ਕਾਲਿਜ ਅਬੋਹਰ ਦੇ ਸਾਹਿੱਤਕ ਸਮਾਗਮ ਵਿੱਚ ਹੋਈ। ਉਸ ਦੀਆਂ ਲੋਕ ਬੋਲੀਆਂ ਤੇ ਕਵਿਤਾਵਾਂ ਨੇ ਮੈਨੂੰ ਏਨਾ ਕੀਲਿਆ ਕਿ ਉਸਨੂੰ ਮੰਚ ਤੇ ਬੋਲਦਿਆਂ ਹੀ ਬੇਕਾਬੂ ਹੋ ਕੇ ਖੁਦ ਨੂੰ ਮਿਲਿਆ ਦੇਸ਼ਾਲਾ ਉਸ ਦੇ ਮੋਢਿਆਂ ਤੇ ਪਾ ਕੇ ਮੱਥਾ ਚੁੰਮਿਆ ਸੀ। ਉਹ ਛੋਹ ਅੰਜ ਵੀ ਸੱਜਰੀ ਹੈ।

ਮੈਨੂੰ ਇਹ ਦੱਸਦਿਆਂ ਵੀ ਤਸੱਲੀ ਹੋ ਰਹੀ ਹੈ ਕਿ ਉਸ ਦੀ ਇੱਕ ਬੋਲੀ” ਕਹਿਦੇ ਰਾਜ ਨਹੀਂ ਕਰਾਂਗੇ ਸੇਵਾ, ਬੜੇ ਹੀ ਸੁਲੱਗ ਨਿਕਲੇ। ਚੂੰਡ ਚੂੰਡ ਕੇ ਖ਼ਜ਼ਾਨਾ ਸਾਰਾ ਖਾ ਲਿਆ, ਇਹ ਤਾਂ ਮਿਲੀ ਬੰਗ ਨਿਕਲੇ”। ਇਹ ਦੱਸਣਾ ਜ਼ਰੂਰੀ ਹੈ ਕਿ ਮਿਲੀ ਬੱਗ ਕਪਾਹ ਨੂੰ ਲੱਗਦਾ ਕੀੜਾ ਹੈ ਜੋ ਬੂਟੇ ਨਾਲ ਚਿਪਕ ਕੇ ਬੂਟੇ ਦਾ ਸੱਤਿਆਨਾਸ ਕਰ ਦੇਂਦਾ ਹੈ। ਇਹ ਵਿਅੰਗ ਧਰਤੀ ਦੀ ਜ਼ਬਾਨ ਵਿੱਚ ਲੋਕ ਪੀੜਾ ਦਾ ਡੂੰਘਾ ਵਿਆਖਿਆਨ ਹੈ।

ਇਸ ਪੁਸਤਕ ਦੀ ਸੰਪਾਦਨਾ ਪ੍ਰੋ. ਜਸਪਾਲ ਘਈ ਤੇ ਹਰਮੀਤ ਵਿਦਿਆਰਥੀ ਨੇ ਕੀਤੀ ਹੈ। ਹਰਮੀਤ ਵਿਦਿਆਰਥੀ ਨੇ ਚੇਤਨਾ ਪ੍ਰਕਾਸ਼ਨ ਵੱਲੋਂ ਬਹੁਤ ਖੂਬਸੂਰਤ ਅੰਦਾਜ਼ ਵਿੱਚ ਛਾਪੀ ਇਸ ਕਿਤਾਬ ਦੀ ਕਾਪੀ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਲੁਧਿਆਣਾ ਪਹੁੰਚ ਕੇ ਭੇਂਟ ਕੀਤੀ।

ਇਸ ਮੌਕੇ ਹਰਮੀਤ ਵਿਦਿਆਰਥੀ ਨੇ ਕਿਹਾ ਕਿ ਸੋਹਨਦੀਪ ਸਿਰਫ਼ ਕਵੀ ਨਹੀਂ ਸੀ ਸਗੋਂ ਜਲਾਲਾਬਾਦ ਇਲਾਕੇ ਦਾ ਰੌਸ਼ਨ ਸਾਹਿੱਤਕ ਚਿਰਾਗ ਸੀ, ਜਿਸਨੂੰ ਕੈਂਸਰ ਰੋਗ ਨਿੱਕੀ ਉਮਰੇ ਲੈ ਗਿਆ। ਸਿਰਫ਼ 43 ਸਾਲ ਦੀ ਅਉਧ ਹੰਢਾ ਕੇ ਉਹ ਸਾਨੂੰ ਸਦੀਵੀ ਅਲਵਿਦਾ ਕਹਿ ਗਿਆ। ਇਸ ਕਿਤਾਬ ਦਾ ਮੁੱਖ ਬੰਦ ਪ੍ਰੋ. ਜਸਪਾਲ ਘਈ ਤੇ ਹਰਮੀਤ ਵਿਦਿਆਰਥੀ ਨੇ ਲਿਖਿਆ ਹੈ।

## ਖਾਲਸਾ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ.ਮਹਿਲ ਸਿੰਘ ਵੱਲੋਂ ਹਸਤਾਖ਼ਰ ਮੁਹਿੰਮ ਦੇ ਪੰਜਵੇਂ ਪੜਾਅ ਦਾ ਪੋਸਟਰ ਰਿਲੀਜ਼

### 173 ਸਕੂਲਾਂ-ਕਾਲਜਾਂ ਦੇ 1 ਲੱਖ 8 ਹਜਾਰ 640 ਨੌਜਵਾਨਾਂ ਨੂੰ ਹਸਤਾਖ਼ਰ ਮੁਹਿੰਮ ਰਾਹੀਂ ਭਰੂਣ ਹੱਤਿਆ ਖ਼ਿਲਾਫ਼ ਜਾਗਰੂਕ ਕੀਤਾ ਜਾ ਚੁੱਕਾ : ਡਾ.ਮਹਿਲ ਸਿੰਘ

ਵਰਲਡ ਪੰਜਾਬੀ ਟਾਈਮਜ਼




ਅੰਮ੍ਰਿਤਸਰ 17 ਨਵੰਬਰ : ਕਈ ਕੌਮੀ,ਰਾਜ ਅਤੇ ਜ਼ਿਲ੍ਹਾ ਪੱਧਰੀ ਐਵਾਰਡ ਪ੍ਰਾਪਤ ਕਰਨ ਵਾਲੀ ਪੰਜਾਬ ਦੀ ਨਾਮਵਰ ਸਮਾਜ ਸੇਵੀ ਸੰਸਥਾ 'ਮਾਣ ਧੀਆ 'ਤੇ' ਸਮਾਜ ਭਲਾਈ ਸੋਸਾਇਟੀ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਅਤੇ ਪ੍ਰਸਿੱਧ ਸਮਾਜ ਸੇਵਕ ਗੁਰਿੰਦਰ ਸਿੰਘ ਮੱਟੂ (ਇੰਡੀਆ ਬੁੱਕ ਰਿਕਾਰਡ ਹੋਲਡਰ) ਵੱਲੋਂ ਪਿੱਛਲੇ ਲੰਮੇ ਸਮੇਂ ਤੋਂ ਭਰੂਣ ਹੱਤਿਆ ਖ਼ਿਲਾਫ਼ ਚਲਾਈ ਗਈ ਹਸਤਾਖ਼ਰ ਮੁਹਿੰਮ ਤਹਿਤ ਨੌਜਵਾਨਾਂ ਨੂੰ ਜਾਗਰੂਕ ਕਰ ਰਹੀ ਹੈ । ਅੱਜ ਇਸ ਮੁਹਿੰਮ ਵਿੱਚ ਖਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਇਸ ਚਾਂਸਲਰ ਡਾ.ਮਹਿਲ ਸਿੰਘ,ਰਜਿਸਟਰਾਰ ਸ੍ਰੀ. ਖੁਸਵਿੰਦਰ ਕੁਮਾਰ ਅਤੇ ਖਾਲਸਾ ਕਾਲਜ ਇੰਜੀਨੀਅਰਿੰਗ ਅਤੇ ਤਕਨਾਲੋਜੀ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ.ਮੰਜੂ ਬਾਲਾ ਨੇ ਸਾਂਝੇ ਤੌਰ ਤੇ ਪੰਜਵੇਂ ਪੜਾਅ ਦਾ ਪੋਸਟਰ ਰਿਲੀਜ਼ ਕਰਦਿਆਂ ਕਿਹਾ ਕਿ ਇਹ ਸੰਸਥਾ ਜ਼ਿਲ੍ਹੇ ਦੇ ਸਕੂਲ ਮੁਖੀਆ, ਸਮਾਜ ਸੇਵਕਾ,ਖੇਡ ਪ੍ਰੇਮੀਆਂ ਅਤੇ ਹੋਰ ਪ੍ਰਸਿੱਧ ਸਖ਼ਸ਼ੀਅਤਾਂ ਨੂੰ ਇਕ ਮੰਚ 'ਤੇ ਖੜ੍ਹੇ ਕਰ ਕੇ ਪਿੱਛਲੇ ਡੇਢ ਦਹਾਕੇ ਤੋਂ ਭਰੂਣ ਹੱਤਿਆ ਖ਼ਿਲਾਫ਼ ਅਤੇ ਬੇਟੀ ਬਚਾਓ,ਬੇਟੀ ਪੜ੍ਹਾਓ,ਮੁਹਿੰਮ ਤਹਿਤ ਮਹਿਲਾਵਾਂ ਅਤੇ ਧੀਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਨ ਵਾਲੀ ਅਤੇ ਸਮਾਜ ਸੇਵਾ ਦੇ ਖੇਤਰ 'ਚ ਵਿਲੱਖਣ ਪਛਾਣ ਬਣਾ ਕੇ ਇੰਡੀਆ ਬੁੱਕ ਵਿਚ ਨਾਅ ਦਰਜ ਕਰਵਾ ਚੁੱਕੀ ਹੈ। ਉਨ੍ਹਾਂ ਨੇ ਮਾਣ ਧੀਆਂ 'ਤੇ ਸਮਾਜ ਭਲਾਈ ਸੋਸਾਇਟੀ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਵਧਾਈ ਦਿੰਦਿਆ ਬੜੀ ਸੰਜੀਦਗੀ ਤੇ ਸੁਹਿਰਦਤਾ ਨਾਲ ਦੇਖਿਆ ਤੇ ਜਾਚਣ ਤੋਂ ਬਾਅਦ ਖੁਸ਼ੀ 'ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕਰਦੇ ਹੋਏ ਏਨੀ ਵੱਡੀ ਪ੍ਰਾਪਤੀ ਕਰਨ ਤੇ ਵਧਾਈ ਦਿੰਦਿਆਂ ਪਿੱਠ-ਥਾਪੜਾ ਦਿੱਤਾ ਅਤੇ ਅਗਾਂਹ ਸਮਾਜਿਕ ਬੁਰਾਈਆਂ ਦਾ ਡੱਟ ਕੇ ਸਾਹਮਣਾ ਕਰਨ ਦਾ ਹੌਸਲਾ ਵੀ ਦਿੱਤਾ। ਉਨ੍ਹਾ ਕਿਹਾ ਕਿ ਇਸ ਮੁਹਿ

## ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਸਬੰਧੀ ਸੈਮੀਨਾਰ ਦਾ ਕੀਤਾ ਗਿਆ ਆਯੋਜਨ

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 17 ਨਵੰਬਰ : ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਫ਼ਰੀਦਕੋਟ ਸ੍ਰੀ ਰਾਹੁਲ ਚਾਬਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜ਼ਿਲ੍ਹਾ ਫ਼ਰੀਦਕੋਟ ਦੇ ਬੇਰੋਜ਼ਗਾਰਾ ਲਈ ਸਮੇਂ –ਸਮੇਂ ਤੇ ਰੋਜ਼ਗਾਰ ਅਤੇ ਸਵੈ—ਰੋਜ਼ਗਾਰ ਲਈ ਕਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਇਸੇ ਲਗਾਤਾਰਤਾ ਵਿੱਚ ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਵਿਖੇ ਇੱਕ ਵਿਸ਼ੇਸ਼ ਸੈਮੀਨਾਰ ਆਯੋਜਿਤ ਕਰਵਾਇਆ ਗਿਆ ਜਿਸ ਵਿੱਚ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਇੰਟਰਨਸ਼ਿਪ ਪ੍ਰੋਗਰਾਮ (ਪੀ.ਐਮ.ਆਈ.ਐਸ) ਸਕੀਮ ਸਬੰਧੀ ਪ੍ਰਾਰਥੀਆਂ ਨੂੰ ਜਾਗਰੂਕ ਕੀਤਾ ਗਿਆ। ਇਹ ਜਾਣਕਾਰੀ ਪਲੇਸਮੈਂਟ ਅਫ਼ਸਰ ਮੈਡਮ ਨੀਤੂ ਰਾਣੀ ਨੇ ਦਿੱਤੀ।



ਉਨ੍ਹਾਂ ਦੱਸਿਆ ਕਿ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਕਿੱਲ ਦੇ ਮੌਜੂਦਾ ਅਤੇ ਨਵੇਂ ਕੋਰਸ ਸ਼ੁਰੂ ਕਰਨ ਬਾਰੇ ਪ੍ਰਾਰਥੀਆਂ ਨੂੰ ਸਕਿੱਲ ਟ੍ਰੇਨਿੰਗ ਕਰਕੇ ਆਪਣਾ ਰੋਜ਼ਗਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਪ੍ਰਾਈਵੇਟ ਕੰਮ ਕਰਨ ਦੇ ਚਾਹਵਾਨ ਪ੍ਰਾਰਥੀਆਂ ਨੂੰ ਪ੍ਰਾਈਵੇਟ ਨੌਕਰੀ ਸਬੰਧੀ ਕੀਤੇ ਜਾਣ ਵਾਲੇ ਉਪਰਾਲਿਆਂ ਬਾਰੇ ਦੱਸਿਆ ਗਿਆ।

ਇਸ ਤੋਂ ਇਲਾਵਾ ਰੋਜ਼ਗਾਰ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਅਤੇ ਇਸ ਦਫਤਰ ਨਾਲ ਜੁੜੇ ਹੋਏ ਲਾਈਨ ਵਿਭਾਗਾਂ ਤੋਂ ਮਿਲਣ ਵਾਲੀਆਂ ਲੋਨ ਸਕੀਮਾਂ ਬਾਰੇ ਦੱਸਿਆ ਗਿਆ ਅਤੇ ਪ੍ਰਾਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਬੇਰੁਜ਼ਗਾਰ ਪ੍ਰਾਰਥੀ ਕਿਸੇ ਵੀ ਕੰਮ ਕਾਜ ਵਾਲੇ ਦਿਨ ਦਫ਼ਤਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤਲਵੰਡੀ ਬਾਈਪਾਸ, ਨੇੜੇ ਸੰਧੂ ਪੈਲੇਸ, ਰੈਂਡ ਕਰਾਸ ਭਵਨ ਦੀ ਪਹਿਲੀ ਮੰਜਿਲ, ਫ਼ਰੀਦਕੋਟ ਵਿਖੇ ਆ ਕੇ ਆਪਣਾ ਨਾਮ ਦਰਜ ਕਰਵਾਉਣ ਅਤੇ ਪੰਜਾਬ ਸਰਕਾਰ ਦੇ ਪੋਰਟਲ www.pgrkam.com , ਵਟਸਐਪ ਗਰੁੱਪ, ਸ਼ੋਸਲ ਮੀਡੀਆ ( ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ, ਟੇਲੀਗ੍ਰਾਮ ਆਦਿ)ਆਪਣੇ ਆਪ ਰਜਿਸਟਰਡ ਕਰਨ ਤਾਂ ਜੋ ਉਨ੍ਹਾਂ ਨੂੰ ਰੋਜ਼ਗਾਰ ਕੈਂਪਾਂ ਸਵੈ—ਰੋਜ਼ਗਾਰ ਅਤੇ ਸਕਿੱਲ ਕੋਰਸਾਂ ਬਾਰੇ ਸਮੇਂ ਸਿਰ ਜਾਣਕਾਰੀ ਮਿਲ ਸਕੇ।

## ਖੇਡਾਂ ਵਤਨ ਪੰਜਾਬ ਦੀਆਂ 2026: ਪਟਿਆਲਾ ਵਿਖੇ ਰਾਜ ਪੱਧਰੀ ਲਾਅਨ ਟੈਨਿਸ ਤੇ ਵਾਲੀਬਾਲ ਸਮੈਸ਼ਿੰਗ ਖੇਡਾਂ ਦਾ ਆਗਾਜ਼

### ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਨੇ ਪੋਲੋ ਗਰਾਊਂਡ ਵਿਖੇ ਕੀਤਾ ਖੇਡਾਂ ਦਾ ਉਦਘਾਟਨ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 17 ਨਵੰਬਰ : ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਜ਼ਿਲ੍ਹਾ ਪਟਿਆਲਾ ਵਿਖੇ ਰਾਜ ਪੱਧਰੀ ਲਾਅਨ ਟੈਨਿਸ ਅਤੇ ਵਾਲੀਬਾਲ ਸਮੈਸ਼ਿੰਗ ਖੇਡਾਂ ਦਾ ਆਗਾਜ਼ ਹੋ ਗਿਆ ਹੈ। ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਏ ਗਏ ਉਦਘਾਟਨੀ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਨੁਪ੍ਰਿਤਾ ਜੌਹਲ ਨੇ ਖੇਡਾਂ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਖੇਡ ਵਿਭਾਗ ਪੰਜਾਬ ਦੇ ਸਾਬਕਾ ਡਿਪਟੀ ਡਾਇਰੈਕਟਰ ਜਸਵੀਰਪਾਲ ਕੌਰ ਬਰਾੜ ਵੀ ਮੌਜੂਦ ਸਨ।



ਇਸ ਮੌਕੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਸਰਵਪੱਖੀ ਵਿਕਾਸ, ਸਰੀਰਕ ਤੰਦਰੁਸਤੀ ਅਤੇ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਖੇਡਾਂ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਹ ਮੁਕਾਬਲੇ ਵੱਖ-ਵੱਖ ਉਮਰ ਵਰਗਾਂ ਵਿੱਚ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਖਿਡਾਰੀ ਉਤਸ਼ਾਹ ਨਾਲ ਭਾਗ ਲੈ ਰਹੇ ਹਨ।

ਉਨ੍ਹਾਂ ਦੱਸਿਆ ਕਿ ਵਾਲੀਬਾਲ ਸਮੈਸ਼ਿੰਗ ਗੇਮ ਦੇ ਅੰਡਰ-17 ਲੜਕਿਆਂ ਦੇ ਮੁਕਾਬਲਿਆਂ ਵਿੱਚ ਫਾਜ਼ਿਲਕਾ ਦੀ ਟੀਮ ਨੇ ਮੋਗਾ ਨੂੰ 2-0 ਨਾਲ ਹਰਾਇਆ। ਇਸੇ ਤਰ੍ਹਾਂ ਐਸ.ਬੀ.ਐਸ. ਨਗਰ ਦੀ ਟੀਮ ਨੇ ਤਰਨਤਾਰਨ ਨੂੰ ਅਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਟੀਮ ਨੇ ਫਿਰੋਜ਼ਪੁਰ ਨੂੰ 2-0 ਨਾਲ ਹਰਾ ਕੇ ਸ਼ਾਨਦਾਰ ਜਿੱਤ ਦਰਜ ਕੀਤੀ।

ਅੰਡਰ-14 ਲੜਕਿਆਂ ਦੇ ਮੁਕਾਬਲਿਆਂ ਵਿੱਚ ਮੋਹਾਲੀ ਦੀ ਟੀਮ ਨੇ ਫਰੀਦਕੋਟ ਨੂੰ, ਅੰਮ੍ਰਿਤਸਰ ਦੀ ਟੀਮ ਨੇ ਮਲੇਰਕੋਟਲਾ ਨੂੰ, ਪਠਾਨਕੋਟ ਦੀ ਟੀਮ ਨੇ ਮੋਗਾ ਨੂੰ ਅਤੇ ਬਠਿੰਡਾ ਦੀ ਟੀਮ ਨੇ ਜਲੰਧਰ ਨੂੰ ਹਰਾ ਕੇ ਜਿੱਤ ਹਾਸਲ ਕੀਤੀ।

ਇਸ ਮੌਕੇ ਖਿਡਾਰੀਆਂ, ਕੋਚਾਂ ਅਤੇ ਖੇਡ ਵਿਭਾਗ ਦੇ ਅਧਿਕਾਰੀਆਂ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

## ਪੰਜਾਬੀ ਪ੍ਰਬੋਧ ਦੀ ਪ੍ਰੀਖਿਆ 13 ਦਸੰਬਰ ਨੂੰ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 17 ਨਵੰਬਰ : ਪੰਜਾਬ ਸਰਕਾਰ ਵੱਲੋਂ ਭਰੀਆਂ ਜਾਣ ਵਾਲੀਆਂ ਗਰੁੱਪ ਸੀ ਅਤੇ ਇਸ ਤੋਂ ਉੱਪਰ ਦੀਆਂ ਅਸਾਮੀਆਂ ਲਈ ਨਿਰਧਾਰਤ ਯੋਗਤਾਵਾਂ ਵਿੱਚੋਂ ਇਕ ਯੋਗਤਾ ਉਮੀਦਵਾਰਾਂ ਲਈ ਮੈਟ੍ਰਿਕ ਪੱਧਰ ਦੀ ਪੰਜਾਬੀ ਦਾ ਵਿਸ਼ਾ ਪਾਸ ਕੀਤਾ ਹੋਣਾ ਲਾਜ਼ਮੀ ਹੈ। ਜਿਨ੍ਹਾਂ ਉਮੀਦਵਾਰਾਂ ਪਾਸ ਮੈਟ੍ਰਿਕ ਪੱਧਰ ਦੀ ਪੰਜਾਬੀ ਭਾਸ਼ਾ ਦੀ ਯੋਗਤਾ ਨਹੀਂ ਹੈ, ਭਾਸ਼ਾ ਵਿਭਾਗ ਪੰਜਾਬ ਵੱਲੋਂ ਅਜਿਹੇ ਉਮੀਦਵਾਰਾਂ ਦੀ ਪੰਜਾਬੀ ਪ੍ਰਬੋਧ ਪ੍ਰੀਖਿਆ 13.12. 2026 (ਦਿਨ ਐਤਵਾਰ) ਨੂੰ ਲਈ ਜਾਵੇਗੀ। ਦਫ਼ਤਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਜਾਰੀ ਸੂਚਨਾ ਮੁਤਾਬਕ ਉਕਤ ਪ੍ਰੀਖਿਆ ਲਈ ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 07.12.2026 ਹੋਵੇਗੀ। ਪਹਿਲਾਂ ਦੀ ਤਰ੍ਹਾਂ ਇਹ ਪ੍ਰੀਖਿਆ ਵਿਭਾਗ ਦੇ ਮੁੱਖ ਦਫਤਰ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਹੋਵੇਗੀ। ਇਸ ਪ੍ਰੀਖਿਆ ਲਈ ਫੀਸ 3000/- ਰੁਪਏ ਹੋਵੇਗੀ ਜੋ ਕਿ ਨਕਦ ਵਸੂਲ ਕੀਤੀ ਜਾਵੇਗੀ। ਫਾਰਮ ਜਮ੍ਹਾਂ ਕਰਵਾਉਣ ਵਾਲੇ ਉਮੀਦਵਾਰ ਆਪਣੇ ਨਾਲ ਅਧਾਰ ਕਾਰਡ, ਦਸਵੀਂ, ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਦੇ ਅਸਲ ਸਰਟੀਫਿਕੇਟ, ਅਤੇ ਇਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ, ਇਕ 30×25 ਸੈ.ਮੀ. ਸਾਈਜ਼ ਦਾ ਸਵੈ ਪਤੇ ਵਾਲਾ ਲਿਫਾਫਾ ਜਿਸ ਉਤੇ 56/- ਰੁਪਏ ਦੀਆਂ ਡਾਕ ਟਿਕਟਾਂ ਲੱਗੀਆਂ ਹੋਣ ਅਤੇ ਪੰਜ ਫੋਟੋਆਂ (ਇੱਕੇ ਸਨੈਪ ਦੀਆਂ) ਪਾਸਪੋਰਟ ਸਾਈਜ਼ (ਜਿਨ੍ਹਾਂ ਵਿੱਚੋਂ ਦੋ ਫੋਟੋਆਂ ਗਜ਼ਟਿਡ ਅਫਸਰ ਵੱਲੋਂ ਤਸਦੀਕੀਆਂ ਹੋਣ) ਜਿਨ੍ਹਾਂ ਦੀ ਬੈਕ ਗਰਾਊਂਡ ਅਤੇ ਕੱਪੜੇ ਫਿੱਕੇ (ਲਾਈਟ) ਰੰਗ ਦੇ ਹੋਣ, ਨਾਲ ਲਿਆਉਣ। ਪੰਜਾਬੀ ਪ੍ਰਬੋਧ ਪ੍ਰੀਖਿਆ ਸਬੰਧੀ ਵਧੇਰੇ ਜਾਣਕਾਰੀ ਲਈ ਦਫਤਰ ਦੇ ਫੋਨ ਨੰ. 0175-2214469 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਭਾਸ਼ਣ ਦੀ ਪ੍ਰਭਾਵਸ਼ੀਲਤਾ!



ਪਿਛਲੇ ਸਮੇਂ ਵਿੱਚ, ਭਾਸ਼ਣਾਂ ਰਾਹੀਂ ਅੰਦੋਲਨਾਂ ਲਈ ਮਹਾਨ ਟੀਚੇ ਪ੍ਰਾਪਤ ਕੀਤੇ ਗਏ ਹਨ। ਇੱਕ ਸਮੇਂ ਦੇ ਬਾਅਦ ਵੀ, ਇਹਨਾਂ ਭਾਸ਼ਣਾਂ ਤੋਂ ਕੱਢੇ ਗਏ ਸਿੱਟੇ ਸਾਨੂੰ ਅਤੀਤ ਵਿੱਚ ਵਾਪਸ ਲੈ ਜਾਂਦੇ ਹਨ ਅਤੇ ਵਰਤਮਾਨ ਵਿੱਚ ਖੂਨ ਨੂੰ ਗਰਮ ਕਰਦੇ ਹਨ। ਕੋਈ ਵੀ ਅੰਦੋਲਨ ਭਾਸ਼ਣਾਂ ਤੋਂ ਬਿਨਾਂ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚਦਾ। ਧਰਮ ਅਤੇ ਵਤਨ ਨੇ ਵੀ ਆਪਣੀ ਸਥਾਪਨਾ ਅਤੇ ਸ਼ਾਨ ਲਈ ਭਾਸ਼ਣਾਂ ਦੀ ਵਰਤੋਂ ਕੀਤੀ ਹੈ। ਭਾਸ਼ਣ ਕਦੇ ਜਵਾਲਾਮੁਖੀ ਹੁੰਦੇ ਹਨ, ਕਦੇ ਅੱਗ, ਕਦੇ ਝਰਨੇ। ਕੁਝ ਭਾਸ਼ਣ ਸਾਰੇ ਰੂਪਾਂ ਨੂੰ ਜੋੜਦੇ ਹਨ। ਪਾਕਿਸਤਾਨ ਦੀ ਸਥਾਪਨਾ ਲਈ, ਉਹ ਭਾਸ਼ਣ ਜਿਨ੍ਹਾਂ ਵਿੱਚ ਆਜ਼ਾਦੀ ਅਤੇ ਪਾਕਿਸਤਾਨ ਦੀ ਮੰਗ ਹੁੰਦੀ ਹੈ ਜਾਂ ਸੋਚ, ਕਾਰਵਾਈ, ਅਤੇ ਨਿਰਸਵਾਰਥਤਾ ਅਤੇ ਕੁਰਬਾਨੀ ਦਾ ਉਪਦੇਸ਼ ਹੁੰਦਾ ਹੈ, ਇੱਕ ਜਵਾਲਾਮੁਖੀ ਵਾਂਗ ਹੁੰਦੇ ਹਨ। ਅੱਗ ਅਤੇ ਗਰਮੀ ਦਾ ਵਿਸ਼ਾਲ ਤੱਤ ਵਿਰੋਧੀ 'ਤੇ ਹਾਵੀ ਹੋਣਾ ਚਾਹੀਦਾ ਹੈ ਅਤੇ ਹਰ ਰੁਕਾਵਟ ਨੂੰ ਪਾਰ ਕਰਨਾ ਚਾਹੀਦਾ ਹੈ।

ਪੈਗੰਬਰ (ਸ.ਅ.ਵ.) ਦੀ ਉਦਾਹਰਣ ਨਾਲ ਜੁੜੇ ਕਿਸਮਤ, ਵਿਸ਼ਵਾਸ ਦੀ ਕਮਜ਼ੋਰੀ, ਏਕਤਾ ਦੀ ਘਾਟ, ਸਹੀ ਸੋਚ ਤੋਂ ਵਾਂਝੇ ਹੋਣਾ ਅਤੇ ਸੱਚ ਦੇ ਮਾਰਗ ਤੋਂ ਭਟਕਣਾ ਇੱਕ ਝਰਨੇ ਵਾਂਗ ਸਨ, ਜੋ ਇਹ ਕਹਿ ਕੇ ਡਿੱਗ ਰਿਹਾ ਸੀ, "ਖੈਰ, ਤੁਸੀਂ ਮੇਰੇ ਪੱਧਰ ਤੱਕ ਨਹੀਂ ਉੱਠ ਸਕਦੇ, ਇਸ ਲਈ ਮੈਂ ਉਚਾਈਆਂ ਤੋਂ ਹੇਠਾਂ ਆਵਾਂਗਾ ਅਤੇ ਤੁਹਾਡੀਆਂ ਕਿਸ਼ਤੀਆਂ ਨੂੰ ਪਾਣੀ ਦੇਵਾਂਗਾ।" ਆਮ ਤੌਰ 'ਤੇ, ਭਾਵੁਕ ਭਾਸ਼ਣ, ਜਦੋਂ ਉਹਨਾਂ ਨੂੰ ਸੰਖੇਪ ਢੰਗ ਨਾਲ ਲਿਖਿਆ ਜਾਂਦਾ ਹੈ, ਬਹੁਤ ਆਮ ਜਾਪਦੇ ਹਨ। ਜਦੋਂ ਕਿਸੇ ਘਟਨਾ ਜਾਂ ਹਾਦਸੇ ਦੇ ਸੰਬੰਧ ਵਿੱਚ ਕੀਤੇ ਗਏ ਪੂੰਏ ਵਾਲੇ ਭਾਸ਼ਣ 'ਤੇ ਸਮਾਂ ਬੀਤ ਜਾਂਦਾ ਹੈ, ਅਤੇ ਪਾਠਕ ਮਾਨਸਿਕ ਤੌਰ 'ਤੇ ਉਸ ਪਲ ਤੋਂ ਬਹੁਤ ਦੂਰ ਹੋ ਜਾਂਦਾ ਹੈ ਜੋ ਦਰਸ਼ਕਾਂ ਲਈ ਉਪਲਬਧ ਸੀ, ਤਾਂ ਅਜਿਹਾ ਭਾਸ਼ਣ ਇੱਕ ਬੁਝੀ ਹੋਈ ਅੱਗ ਦੇ ਧੂੰਏਂ ਤੋਂ ਵੱਧ ਕੁਝ ਨਹੀਂ ਹੁੰਦਾ। ਫਿਰ ਵੀ, ਬੁਲਾਰੇ ਦੀ ਸ਼ਖਸੀਅਤ, ਗੁਣ, ਸ਼ੈਲੀ ਅਤੇ ਸੁਰ ਭਾਸ਼ਣ ਵਿੱਚ ਇੱਕ ਪ੍ਰਭਾਵ ਪੈਦਾ ਕਰਦੇ ਹਨ, ਅਤੇ ਲਿਖਤ ਵਿੱਚ ਉਨ੍ਹਾਂ ਦੀ ਗੈਰਹਾਜ਼ਰੀ ਕਾਰਨ ਹੋਣ ਵਾਲੀ ਘਾਟ ਸਮੇਂ ਦੇ ਨਾਲ ਵਧਦੀ ਜਾਂਦੀ ਹੈ, ਜਦੋਂ ਤੱਕ ਕਿ ਇੱਕ ਸਮੇਂ ਦੇ ਬਾਅਦ, ਭਾਸ਼ਣ ਪੜ੍ਹਨ ਲਈ ਕੁਝ ਨਹੀਂ ਬਚਦਾ। ਹਰ ਕਿਸੇ ਨੂੰ ਭਵਿੱਖ ਵਿੱਚ ਵੇਖਣ ਦੀ ਯੋਗਤਾ ਪ੍ਰਾਪਤ ਨਹੀਂ ਹੁੰਦੀ ਤਾਂ ਜੋ ਇੱਕ ਖਾਸ ਉਦੇਸ਼ ਲਈ ਜਨਤਕ ਰਾਏ ਨੂੰ ਫੈਸਲੇ 'ਤੇ ਲਿਆਇਆ ਜਾ ਸਕੇ। ਸਿਰਫ ਇਸ ਗੁਣ ਦੇ ਸਬੂਤ 'ਤੇ ਹੀ ਕਿਸੇ ਨੂੰ ਨੇਤਾ ਕਿਹਾ ਜਾ ਸਕਦਾ ਹੈ, ਜੋ ਲੋਕਾਂ ਦੇ ਖੂਨ ਨੂੰ ਇੰਨਾ ਗਰਮ ਰੱਖਦਾ ਹੈ ਕਿ ਲੋਕ ਅੰਦੋਲਨ ਦੀ ਸਫਲਤਾ ਲਈ ਆਪਣਾ ਖੂਨ ਵੀ ਵਹਾਉਂਦੇ ਹਨ ਜਦੋਂ ਤੱਕ ਲੋੜੀਂਦੇ ਟੀਚੇ ਪ੍ਰਾਪਤ ਨਹੀਂ ਹੋ ਜਾਂਦੇ। ਅਤੀਤ ਗਵਾਹ ਹੈ ਕਿ ਖੂਨੀ ਇਨਕਲਾਬ ਭਾਸ਼ਣਾਂ ਰਾਹੀਂ ਲਿਆਂਦੇ ਗਏ ਸਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਦਾ ਖੂਨ ਬਚਾਇਆ ਜਾ ਸਕੇ।

ਲੋਕਾਂ ਦੇ ਦਿਲਾਂ ਨੂੰ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਹਰਕਤਾਂ ਲਈ ਗਰਮ ਰੱਖਣਾ ਅਤੇ ਭਾਵਨਾਵਾਂ ਦਾ ਤਾਪਮਾਨ ਘੱਟ ਨਾ ਹੋਣ ਦੇਣਾ, ਦਰਸ਼ਕਾਂ ਨੂੰ ਕਿਸੇ ਫੈਸਲੇ 'ਤੇ ਦ੍ਰਿੜ ਬਣਾਉਣਾ, ਉਨ੍ਹਾਂ ਨੂੰ ਦ੍ਰਿੜ ਵਿਚਾਰਧਾਰਾ ਅਤੇ ਸੋਚ ਦੇ ਕੇ ਮੁਜਾਹਿਦ ਬਣਾਉਣਾ ਇੱਕ ਨੇਤਾ ਦਾ ਕੰਮ ਹੈ। ਹਰ ਕਿਸੇ ਨੂੰ ਸਫਲਤਾ ਦੀ ਅੱਗ ਨੂੰ ਦੂਜਿਆਂ ਦੇ ਸੀਨੇ ਵਿੱਚ ਤਬਦੀਲ ਕਰਨ ਅਤੇ ਟੀਚੇ ਦੀ ਪੂਰਤੀ ਨਾਲ ਜੁੜਿਆ ਇਤਿਹਾਸ ਸਿਰਜਣ ਦੀ ਯੋਗਤਾ ਪ੍ਰਾਪਤ ਨਹੀਂ ਹੁੰਦੀ।

ਜਿੱਥੇ ਮਨੁੱਖਤਾ ਦੇ ਭਲੇ ਲਈ ਬ੍ਰਹਮ ਉਦੇਸ਼ ਦੀ ਪੂਰਤੀ 'ਤੇ ਭਾਸ਼ਣ ਦਿੱਤੇ ਗਏ ਹਨ, ਉੱਥੇ ਮੌਕਾਪ੍ਰਸਤਾਂ ਨੇ ਨਿੱਜੀ ਅਤੇ ਰਾਜਨੀਤਿਕ ਹਿੱਤਾਂ ਲਈ ਭਿਆਨਕ ਬਿਆਨਬਾਜ਼ੀ ਨਾਲ ਮਨੁੱਖੀ ਮਨਾਂ ਨਾਲ ਖੇਡਿਆ ਹੈ, ਸੁਆਰਥੀ ਬਿਆਨਬਾਜ਼ੀ ਨਾਲ ਕਮਜ਼ੋਰ ਦਿਮਾਗਾਂ ਨੂੰ ਪ੍ਰਭਾਵਿਤ ਕੀਤਾ ਹੈ, ਅਤੇ ਲੋਕ ਇੱਕ ਘਟੀਆ ਆਦਮੀ ਦੀ ਮਹਾਨਤਾ ਨਾਲ ਗ੍ਰੰਮਰਾਹ ਹੋਣਗੇ। ਭਾਸ਼ਣ ਸੁਣਦੇ ਸਮੇਂ, ਇੱਕ ਅਪੰਗ ਮਨ ਦਾ ਫੈਸਲਾ ਅਤੇ ਇੱਕ ਸਿਹਤਮੰਦ ਮਨ ਵੱਖਰਾ ਹੁੰਦਾ ਹੈ। ਭਾਸ਼ਣ ਦੂਜਿਆਂ ਦੇ ਦਿਲਾਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਦੀ ਕਲਾ ਦਾ ਨਾਮ ਹੈ, ਪਰ ਜੋ ਇਸ ਕਲਾ ਨੂੰ ਜ਼ਿੰਦਾ ਰੱਖਦਾ ਹੈ ਉਹ ਹੈ ਉਦੇਸ਼ ਦੀ ਮਹੱਤਤਾ, ਸ਼ਬਦਾਂ ਦੀ ਚੋਣ ਅਤੇ ਸ਼ੈਲੀ। ਇਹ ਵੀ ਕਿਹਾ ਗਿਆ ਹੈ ਕਿ ਇਹ ਨਾ ਦੇਖੋ ਕਿ ਇਹ ਕੌਣ ਕਹਿ ਰਿਹਾ ਹੈ, ਦੇਖੋ ਕਿ ਕੀ ਕਿਹਾ ਜਾ ਰਿਹਾ ਹੈ। ਪਰ ਆਓ ਇਸ ਨਾਲ ਇੱਕ ਹੋਰ ਕੀਮਤੀ ਗੱਲ ਜੋੜੀਏ ਕਿ ਜੇਕਰ ਕੋਈ ਕਿਰਦਾਰ ਵਾਲਾ ਆਦਮੀ ਕੁਝ ਅਜਿਹਾ ਕਹਿੰਦਾ ਹੈ ਜਿਸ 'ਤੇ ਉਹ ਖੁਦ ਕੰਮ ਕਰ ਰਿਹਾ ਹੁੰਦਾ ਹੈ, ਤਾਂ ਉਸਦੀ ਭਾਸ਼ਾ ਦਾ ਪ੍ਰਭਾਵ ਹੁੰਦਾ ਹੈ, ਭਾਵੇਂ ਝੂਠਾ ਸੱਚ ਬੋਲਦਾ ਹੈ, ਉਸਦਾ ਆਪਣਾ ਆਪ ਇੱਕ ਚੰਗੇ ਨਤੀਜੇ ਤੋਂ ਵਾਂਝਾ ਰਹਿੰਦਾ ਹੈ।

ਇੱਕ ਨੇਤਾ ਦਾ ਜੀਵੰਤ ਭਾਸ਼ਣ ਲੱਖਾਂ ਸਰੋਤਿਆਂ ਨੂੰ ਟਿੱਪਣੀਕਾਰ ਅਤੇ ਵਿਸ਼ਲੇਸ਼ਕ ਬਣਾ ਦਿੰਦਾ ਹੈ। ਦ੍ਰਿਸ਼ਟੀਕੋਣ ਨੂੰ ਜੋੜਿਆ ਜਾਂਦਾ ਹੈ, ਕਦੇ ਇੱਕ ਸਵਾਲ ਬਣਦਾ ਹੈ, ਕਦੇ ਇੱਕ ਜਵਾਬ ਬਣਦਾ ਹੈ, ਅਤੇ ਕਦੇ ਦੋਵੇਂ ਰੂਪ ਇਕੱਠੇ ਕੀਤੇ ਜਾਂਦੇ ਹਨ। ਸਰੋਤਿਆਂ ਦੀਆਂ ਭਾਵਨਾਵਾਂ ਨੂੰ ਉਚਾਈਆਂ 'ਤੇ ਲੈ ਜਾਣਾ ਅਤੇ ਫਿਰ ਇੱਕ ਛੋਟੇ ਭਾਸ਼ਣ ਨਾਲ ਉਨ੍ਹਾਂ ਨੂੰ ਧਰਤੀ 'ਤੇ ਵਾਪਸ ਲਿਆਉਣਾ ਇੱਕ ਬੁਲਾਰੇ ਦੀ ਕਲਾ ਦੀ ਸੰਪੂਰਨਤਾ ਹੈ।

ਦੁਨਿਆਵੀ ਉਦੇਸ਼ਾਂ ਲਈ ਕੀਤੇ ਗਏ ਭਾਸ਼ਣਾਂ ਵਿੱਚ, ਖੂਨ ਦੀ ਆਖਰੀ ਬੂੰਦ ਵਹਾਉਣ ਦੀਆਂ ਘੋਸ਼ਣਾਵਾਂ ਇੱਕ ਵਿਅਕਤੀ ਨੂੰ ਮਨੁੱਖੀ ਖੂਨ ਦਾ ਪਿਆਸਾ ਬਣਾ ਦਿੰਦੀਆਂ ਹਨ। ਜਦੋਂ ਸਥਿਤੀ ਬੇਕਾਬੂ ਹੋ ਜਾਂਦੀ ਹੈ, ਤਾਂ ਇਹ ਘੋਸ਼ਣਾਕਾਰ ਆਪਣੀਆਂ ਜਾਨਾਂ ਬਚਾਉਂਦੇ ਹੋਏ ਭੱਜਣ 